# VII

# THE PARTICULARS OF ANY ARRANGEMENT THAT EXISTS FOR CONSULTATION WITH, OR REPRESENTATIVE BY THE MEMBERS OF THE PUBLIC IN RELATION TO THE FORMULATION OF ITS POLICY OF ADMINISTRATION THEREOF

ਜਲੰਧਰ ਡਿਵੈਲਪਮੈਂਟ ਅਥਾਰਟੀ ਪੰਜਾਬ ਸਰਕਾਰ ਦਾ ਪਬਲਿਕ ਅਦਾਰਾ ਹੋਣ ਦੇ ਨਾਤੇ ਇਸ ਦਾ ਮੁੱਖ ਮੰਤਵ ਇਸ ਦੇ ਅਧਿਕਾਰ ਖੇਤਰ ਵਿੱਚ ਸਮੂਹਿਕ ਵਿਕਾਸ ਕਰਨਾ ਹੈ। ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਉਪਰੰਤ ਮਕਾਨਾਂ, ਰਿਹਾਇਸ਼ੀ ਪਲਾਟਾਂ, ਵਪਾਰਿਕ ਥਾਵਾਂ ਅਤੇ ਸੰਸਥਾਵਾਂ ਆਦਿ ਦੀ ਅਲਾਟਮੈਂਟ ਸਰਕਾਰ ਦੀ ਨਿਯਮਤ ਪਾਲਿਸੀ ਅਨੁਸਾਰ ਕਰਨਾ ਹੈ।

ਪਾਲਸੀ ਬਣਾਉਣ ਵਿੱਚ ਸੁਰੂ ਤੋਂ ਲੈ ਕੇ ਰ ਤੱਕ ਪਬਲਿਕ ਦੇ ਸੁਝਾਉ ਲਏ ਜਾਂਦੇ ਹਨ। ਇਸ ਉਪਰੰਤ ਪਾਲਸੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿ ਲੋਕਾਂ ਨੂੰ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ ਜਿਥੋਂ ਤੱਕ ਇਹਨਾਂ ਪਾਲਸੀਆਂ ਨੂੰ ਜਾਰੀ ਕਰਨ ਦੇ ਦਫਤਰੀ ਹੁਕਮਾਂ ਦਾ ਸਬੰਧ ਹੈ, ਉਹ ਭਾਵੇਂ ਘੱਟ ਹੀ ਹਨਫਰ ਵੀ ਵੱਖ ਵੱਖ ਕਮੇਟੀਆਂ ਕੰਮ ਕਰਦੀਆਂ ਹਨ।

1 **ਅਥਾਰਟੀ ਦੇ ਮੰਤਵ:**

ਜਲੰਧਰ ਡਿਵੈਲਪਮੈਂਟ ਅਥਾਰਟੀ ਨਾਲ ਸਬੰਧਤ ਮਸਲੇ ਅਥਾਰਟੀ ਦੀ ਮੀਟਿੰਗ ਵਿੱਚ ਸਮੇਂ-ਸਮੇਂ ਤੇ ਵਿਚਾਰੇ ਜਾਂਦੇ ਹਨ। ਅਥਾਰਟੀ ਵਿੱਚ ਆਫਿਸ਼ੀਅਲ ਮੈਂਬਰਾਂ ਤੋਂ ਇਲਾਵਾ ਇਸ ਸਮੇਂ 3 ਨਾਨ ਆਫਿਸ਼ੀਅਲ ਮੈਂਬਰ ਵੀ ਸ਼ਾਮਿਲ ਕੀਤੇ ਜਾਣੇ ਤਜਵੀਜ ਕੀਤੇ ਗਏ ਹਨ। ਜਿਨ੍ਹਾਂ ਵਿੱਚ 2 ਪਬਲਿਕ ਦੇ ਨੁਮਾਇੰਦੇ ਅਤੇ ਇਕ ਪੰਜਾਬ ਸਰਕਾਰ ਦਾ ਰਿਟਾਇਰਡ ਅਧਿਕਾਰੀ ਹੋਵੇਗਾ ਜੋ ਪਬਲਿਕ ਦੀ ਨੁਮਾਇੰਦਗੀ ਕਰਨਗੇ।

2 **ਸੁਝਾਓ:**

ਜਲੰਧਰ ਡਿਵੈਲਪਮੈਂਟ ਅਥਾਰਟੀ ਦਫ਼ਤਰ ਵੀ ਸਵਾਗਤ ਕਰਤਾ ਕਾਊਂਟਰਾਂ ਦੇ ਨਾਲ ਸੁਝਾਓ ਬਕਸੇ ਰੱਖੇ ਗਏ ਹਨ ਜਿਨ੍ਹਾਂ ਵਿੱਚ ਪਬਲਿਕ ਅਪਣੇ ਸੁਝਾਓ ਲਿਖ ਕੇ ਪਾ ਸਕਦੀ ਹੈ। ਇਹਨਾਂ ਪ੍ਰਾਪਤ ਸੁਝਾਵਾਂ ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਂਦੀ ਹੈ।

3. **ਵੈਲਫੇਅਰ ਐਸੋਸੀਏਸ਼ਨਾਂ ਦੀ ਨੁਮਾਇੰਦਗੀ ਬਾਰੇ:**

ਭਾਵੇਂ ਕਿ ਜੇ.ਡੀ.ਏ. ਵੱਲੋਂ ਐਡਵਾਈਜਰੀ ਕਮੇਟੀਆਂ ਗਠਿਤ ਨਹੀਂ ਕੀਤੀਆਂ ਗਈਆਂ ਫਿਰ ਵੀ ਜੇ.ਡੀ.ਏ. ਵੱਲੋਂ ਵਿਕਸਤ ਸਾਰੀਆਂ ਸ਼ਹਿਰੀ ਮਿਲਖਾਂ ਦੀਆਂ ਵੈਲਫੇਅਰ

ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਜੇ.ਡੀ.ਏ. ਦੀਆਂ ਹਰ ਤਰ੍ਹਾਂ ਦੀਆਂ ਉਦਘਾਟਨੀ ਗਤੀਵਿਧੀਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ ਜੇ.ਡੀ.ਏ. ਦੀਆਂ ਸਮੇਂ-ਸਮੇਂ ਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਹਨਾਂ ਵੱਲੋਂ ਦਿੱਤੇ ਸੁਝਾਵਾਂ ਤੇ ਵੀ ਕਾਰਵਾਈ ਕੀਤੀ ਜਾਂਦੀ ਹੈ।

4. **ਭੌਂ ਪ੍ਰਾਪਤੀ ਸਬੰਧੀ:**

ਸ਼ਹਿਰੀ ਮਿਲਖਾਂ ਦੇ ਵਿਸਥਾਰ ਜਾਂ ਇਸ ਨਾਲ ਸਬੰਧਤ ਕਿਸੇ ਮੰਤਵ ਲਈ ਭੌਂ ਦੀ ਲੋੜ ਹੁੰਦੀ ਹੈ ਤਾਂ ਉਸ ਦੀ ਪ੍ਰਾਪਤੀ ਲਈ ਨੋਟੀਫਿਕੇਸ਼ਨ ਪ੍ਰਕਾਸ਼ਿਤ ਕਰਵਾਉਣ ਉਪਰੰਤ ਭੌਂ ਪ੍ਰਾਪਤੀ ਐਕਟ, 1894 ਮੁਤਾਬਿਕ ਭੌਂ ਮਾਲਕਾਂ ਤੋਂ ਇਸ ਦੀ ਪ੍ਰਾਪਤੀ ਸਬੰਧੀ ਲਿਖਤੀ ਇਤਰਾਜ ਲਏ ਜਾਂਦੇ ਹਨ ਜਿਹੜੇ ਕਿ ਸਿਫਾਰਸ਼ ਸਹਿਤ ਸਰਕਾਰ ਨੂੰ ਫੈਸਲਾ ਕਰਨ ਲਈ ਭੇਜ ਦਿੱਤੇ ਜਾਂਦੇ ਹਨ। ਇਸ ਭੌਂ ਦੇ ਰੇਟ ਜਿਲ੍ਹਾ ਭੌਂ ਫਿਕਸੇਸ਼ਨ ਕਮੇਟੀ ਵਲੋਂ ਫਿਕਸ ਕੀਤੇ ਜਾਂਦੇ ਹਨ। ਰੇਟ ਫਿਕਸ ਕਮੇਟੀ ਦੇ ਮੈਂਬਰ ਹੇਠ ਅਨੁਸਾਰ ਹਨ;

1. ਡਿਪਟੀ ਕਮਿਸ਼ਨਰ — ਚੇਅਰਮੈਨ
2. ਮੈਂਬਰ ਪਾਰਲੀਮੈਂਟ ਹਲਕਾ
3. ਐਮ.ਐਲ.ਏ.
4. ਐਲ.ਏ.ਸੀ.

ਐਮ.ਐਲ.ਏ. ਅਤੇ ਐਮ.ਪੀ. ਪਬਲਿਕ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨ ਜਿਹੜੇ ਕਿ ਪਬਲਿਕ ਦੇ ਹੱਕਾਂ ਲਈ ਪ੍ਰਤੀਨਿੱਧਤਾ ਕਰਦੇ ਹਨ।

5. **ਨੀਡ ਬੇਸਿਜ਼ ਚੇਂਜਿਜ਼ ਕਮੇਟੀ:**

ਨੀਡ ਬੇਸਿਜ਼ ਚੇਂਜਿਜ਼ ਕਮੇਟੀ ਬਨਾਉਣ ਲਈ ਸਰਕਾਰ ਨੂੰ ਲਿਖਿਆ ਜਾ ਰਿਹਾ ਹੈ।